ਸਭ ਹੱਕ ਰਾਖਵੇਂ ਹਨ ।

اک کڑی دو جنڈاں

੧ ਓ ਸਤਿਗੁਰ ਪ੍ਰਸਾਦਿ ॥

ਨਵਾਂ ਕਿੱਸਾ

ਕੜੀ ਵੇਚਾਂ

PUNJABI DEPARTMENT,
Patiala & East Punjab States Union,
PATIALA.

ਅਲਮਾਰੂਫ

# ਇਕ ਕੁੜੀ ਦੋ ਜੰਞਾਂ

1666G

ਮੁਸੱਨਫ਼ਾ

ਜਨਾਬ ਮੀਆਂ ਮੁਹੰਮਦ ਦੀਨ ਸਾਹਿਬ ਸਫਰੀ
ਵਲਦੇ ਹਕੀਮ ਮੇਹਰ ਦੀਨ ਸਾਹਿਬ ਬਟਾਲਵੀ

ਪੁਸਤਕੇਂ ਮੰਗਵਾਨੇ ਕਾ ਪਤਾ:—

## ਮੁਨਸ਼ੀ ਅਜ਼ੀਜ਼ ਦੀਨ ਨਜਮਦੀਨ

ਤਾਜਰ ਕੁਤਬ ਲਾਹੌਰ ਬਾਜ਼ਾਰ ਕਸ਼ਮੀਰੀ

ਨੇ

ਰਾਇਲ ਪ੍ਰਿੰਟਿੰਗ ਪ੍ਰੈਸ, ਮੇਂ ਬਾਹਤਮਾਮ "ਮਲਿਕ
ਮੁਹੰਮਦ ਤੁਫ਼ੈਲ" ਤਬਾ ਕਰਾਯਾ ॥

Digitized by Panjab Digital Library | www.panjabdigilib.org

ਕੁੜੀ ਵੇਚਾਂ ਦਾ ਹਾਲ ਸੁਨਾਵਾਂ—ਕੁੜੀ ਵੇਚਾਂ ਦਾ ਕੁੜੀ ਵੇਚਾਂ
ਦਾ ਹਾਲ ਸੁਨਾਵਾਂ ਸੁਨੋਂ ਸਾਰੇ ਕੰਨ ਧਰਕੇ ਪਿਆਰਿਓ
ਪਿਆਰਿਓ ਹਾਲ ਜ਼ਮਾਨੇ ਦਾ ਸੁਨੋਂ ਸਾਰੇ

ਕਰੇ ਰੰਨ ਨਾਲ ਪਿਆ ਸਲਾਹੀਂ ਕਰੇ ਰੰਨ ਨਾਲ ਕਰੇ ਰੰਨ
ਨਾਲ ਪਿਆ ਸਲਾਹੀਂ ਕੁੜੀ ਮੈਨੂੰ ਵੇਚ ਲੈਣ ਦੇ ਨਾਰੇ
ਨਾਰੇ ਨੀ ਕਰਜ਼ਾ ਬਹੁਤ ਹੋਯਾ—ਚੁਪ ਕਰ ਜਾ

ਕੁੜੀ ਵੇਚਕੇ ਕੀ ਬਨਣਾ ਤੇਰਾ—ਵੇ ਕੁੜੀ ਵੇਚਕੇ ਕੁੜੀ ਵੇਚਕੇ
ਕੀ ਬਨਣਾ ਤੇਰਾ ਜਾਵੇਂਗਾ ਨਰਕਾਂ ਨੂੰ ਮੂਰਖਾ
ਮੂਰਖਾ ਟੁਰ ਜਾ ਅਫਰੀਕਾ ਨੂੰ—ਆਖੇ ਲਗ ਜਾ

ਇਕ ਜੱਟ ਨੀ ਅਫਰੀਕਾ ਤੋਂ ਆਯਾ—ਇਕ ਜੱਟ ਨੀ ਇਕ ਜੱਟ
ਨੀ ਅਫਰੀਕਾ ਤੋਂ ਆਯਾ ਮਾਲ ਓਸ ਬਹੁਤ ਖੱਟਿਆ—ਨਾਰੇ
ਨਾਰੇ ਨੀ ਕਰਜ਼ਾ ਬਹੁਤ ਹੋਯਾ—ਚੁਪ ਕਰ ਜਾ

ਜੱਟ ਕੇਡੀ ਉਮਰ ਦਾ ਹੈਗਾ—ਜੱਟ ਕੇਡੀ ਜੱਟ ਕੇਡੀ ਉਮਰ ਦਾ
ਹੈਗਾ ਤੇ ਮੈਨੂੰ ਤੂੰ ਦਖਾਲ ਦੇਵੀਂ—ਮੂਰਖਾ
ਮੂਰਖਾ ਟੁਰ ਜਾ ਅਫਰੀਕਾ ਨੂੰ—ਆਖੇ ਲਗ ਜਾ

ਜੇਹੜਾ ਪਰਸੋਂ ਪਰੌਹਨਾ ਰੋਟੀ ਖਾ ਗਿਆ—ਜੇਹੜਾ ਪਰਸੋਂ
ਜੇਹੜਾ ਪਰਸੋਂ ਪਰੌਹਨਾ ਰੋਟੀ ਖਾ ਗਿਆ—ਤੀਹ ਸੌ ਮੰਨਨੀ
ਗਿਆ ਨਾਰੇ—ਨਾਰੇ ਨੀ ਕਰਜ਼ਾ ਬਹੁਤ ਹੋਯਾ ਚੁਪ ਕਰ ਜਾ

Digitized by Panjab Digital Library | www.panjabdigilib.org

ਓਹ ਤਾਂ ਢਾਈ ਸੌ ਵਰ੍ਹੇ ਤੋਂ ਕਰੜਾ—ਵੇ ਓਹਤਾਂ ਢਾਈ ਸੌ ਓਹ
ਤਾਂ ਢਾਈ ਸੌ ਵਰ੍ਹੇ ਤੋਂ ਕਰੜਾ—ਕੁੜੀ ਮੇਰੀ ਦਸ ਸਾਲ ਦੀ ਮੂਰਖਾ
ਮੂਰਖਾ ਟੁਰ ਜਾ ਅਫਰੀਕਾ ਨੂੰ—ਆਖੇ ਲਗ ਜਾ

ਜ਼ਰਾ ਮੇਰੀ ਉਮਰ ਤੋਂ ਸਿਆਣਾ—ਨੀ ਜ਼ਰਾ ਮੇਰੀ ਉਮਰ
ਜ਼ਰਾ ਮੇਰੀ ਉਮਰ ਤੋਂ ਸਿਆਣਾ—ਗਰਜ਼ੀ ਦਿਸਦਾ ਨੀ ਨਾਰੇ
ਨਾਰੇ ਨੀ ਕਰਜ਼ਾ ਬਹੁਤ ਹੋਯਾ—ਚੁਪ ਕਰ ਜਾ

ਗਲ ਘੁਟ ਕੇ ਕੁੜੀ ਮੈਂ ਮਾਰਾਂ—ਵੇ ਗਲ ਘੁਟ ਕੇ
ਗਲ ਘੁਟਕੇ ਕੁੜੀ ਮੈਂ ਮਾਰਾਂ—ਤੇ ਬੁਡੜੇ ਨੂੰ ਨਹੀਂ ਦੇਣੀ ਮੂਰਖਾ
ਮੂਰਖਾ ਟੁਰ ਜਾ ਅਫਰੀਕਾ ਨੂੰ—ਆਖੇ ਲਗ ਜਾ

ਡਾਂਗ ਫੜਕੇ ਵਛਾ ਦੂੰ ਤੈਨੂੰ—ਨੀ ਡਾਂਗ ਫੜਕੇ
ਡਾਂਗ ਫੜਕੇ ਵਛਾ ਦੂੰ ਤੈਨੂੰ—ਤੇ ਕੁੜੀ ਦੀ ਤੂੰ ਕੀ ਲਗਦੀ ਨਾਰੇ
ਨਾਰੇ ਨੀ ਕਰਜ਼ਾ ਬਹੁਤ ਹੋਯਾ—ਚੁਪ ਕਰ ਜਾ

ਕੁੜੀ ਵੇਚਨੋਂ ਬਾਜ਼ ਨਾ ਆਵੇਂ—ਵੇ ਕੁੜੀ ਵੇਚਨੋਂ
ਕੁੜੀ ਵੇਚਨੋਂ ਬਾਜ਼ ਨਾ ਆਵੇਂ—ਜਾਵੇਂਗਾ ਨਰਕਾਂ ਨੂੰ ਮੂਰਖਾ
ਮੂਰਖਾ ਟੁਰ ਜਾ ਅਫਰੀਕਾ ਨੂੰ—ਆਖੇ ਲਗ ਜਾ

ਪੈਸੇ ਵਟ ਕੇ ਚਬਾਰਾ ਪਾ ਦਿਆਂ—ਨੀ ਪੈਸੇ ਵਟ ਕੇ
ਪੈਸੇ ਵਟਕੇ ਚਬਾਰਾ ਪਾ ਦਿਆਂ ਉਤੇ ਪਾਵਾਂ ਲਾਲ ਬੰਗਲਾ ਨਾਰੇ
ਨਾਰੇ ਨੀ ਕਰਜ਼ਾ ਬਹੁਤ ਹੋਯਾ—ਚੁਪ ਕਰ ਜਾ

Digitized by Panjab Digital Library / www.panjabdigilib.org

ਅਗ ਲਾਕੇ ਚੁਬਾਰਾ ਸਾੜਾਂ ਵੇ ਅਗ ਲਾਕੇ ਅਗ ਲਾਕੇ
ਚੁਬਾਰਾ ਸਾੜਾਂ ਤੇ ਢਾਹ ਸੁਟਾਂ ਲਾਲ ਬੰਗਲਾ-ਮੂਰਖਾ
ਮੂਰਖਾ ਟੁਰ ਜਾ ਅਫਰੀਕਾ ਨੂੰ ਆਖੇ ਲਗ ਜਾ

ਕੁੜੀ ਦੂਸਰੀ ਜਗਹ ਬਠਲਾਈਏ ਨੀ ਕੁੜੀ ਦੂਸਰੀ, ਕੁੜੀ
ਦੂਸਰੀ ਜਗਹ ਬਠਲਾਈਏਤੇ ਚੇਤਨੂੰ ਓਹ ਮਰ ਜਾਏਗਾ-ਨਾਰੇ
ਨਾਰੇ ਨੀ ਕਰਜ਼ਾ ਬਹੁਤ ਹੋਯਾ ਚੁਪ ਕਰ ਜਾ

ਕੁੜੀ ਬੋਲ ਪਈ ਗੁਸੇ ਵਿਚ ਆਕੇ ਕੁੜੀ ਬੋਲ ਪਈ ਕੁੜੀ
ਬੋਲ ਪਈ ਗੁਸੇ ਵਿਚ ਆਕੇ ਤੇ ਗੱਲ ਮੈਂ ਭੀ ਸੁਨਵੇ ਲਈ
ਬਾਪੂ-ਬਾਪੂ ਵੇ ਕਾਹਨੂੰ ਮੇਰੇ ਹਡ ਵੇਚਨਾਏ ਗਲ ਘੁਟ ਦੇ

ਗਲ ਘੁਟ ਕੇ ਮੇਰਾ ਕੀ ਬਣਨਾ ਨੀ ਗਲ ਘੁਟਕੇ ਗਲ
ਘੁਟਕੇ ਮੇਰਾ ਕੀ ਬਣਨਾ ਤੇ ਤੀਹ ਸੌ ਵਟ ਲਊਂਗਾ-ਕੁੜੀਏ
ਕੁੜੀਏ ਨੀ ਦਮੜੇ ਵਟ ਲੈਣ ਦੇ ਚੁਪ ਕਰ ਜਾ

ਤੇਰਾ ਤੋੜ ਕੇ ਮਾਸ ਮੈਂ ਖਾਵਾਂ ਵੇ ਤੇਰਾ ਤੋੜਕੇ ਤੇਰਾ ਤੋੜਕੇ
ਮਾਸ ਮੈਂ ਖਾਵਾਂ ਤੇ ਧਰਮ ਅਦਾਲਤ ਨੂੰ-ਬਾਪੂ
ਬਾਪੂ ਵੇ ਕਾਹਨੂੰ ਮੇਰੇ ਹਡ ਵੇਚਨਾਏਂ ਗਲ ਘੁਟ ਦੇ

ਮੈਨੂੰ ਡਰ ਨਾ ਕਿਆਮਤ ਵਾਲਾ ਨੀ ਮੈਨੂੰ ਡਰ ਨਾ
ਮੈਨੂੰ ਡਰ ਨਾ ਕਿਆਮਤ ਵਾਲਾ ਤੇ ਕਰਜ਼ਾ ਬਹੁਤ ਹੋਯਾ-ਕੁੜੀਏ
ਕੁੜੀਏ ਨੀ ਦਮੜੇ ਵਟ ਲੈਨ ਦੇ ਚੁਪ ਕਰ ਜਾ

Digitized by Panjab Digital Library | www.panjabdigilib.org

ਕੋਹੜ ਪੈ ਜਾਏ ਬਾਬਲਾ ਤੇਨੂੰ ਵੇ ਕੋਹੜ ਪੈ ਜਾਏ
ਕੋਹੜ ਪੈ ਜਾਏ ਬਾਬਲਾ ਤੇਨੂੰ ਤੇ ਬੁਡੜੇ ਨੂੰ ਸੱਪ ਲੜ ਜਾਏ
ਬਾਪੂ ਵੇ ਕਾਹਨੂੰ ਮੇਰੇ ਹਡ ਵੇਚਨਾਏਂ ਗਲ ਘੁਟ ਦੇ

ਓਹ ਤੇ ਬੜਿਆਂ ਮੁਰੱਬਿਆਂ ਵਾਲਾ ਨੀ ਓਹ ਤੇ ਬੜਿਆਂ
ਓਹਤੇ ਬੜਿਆਂ ਮੁਰੱਬਿਆਂ ਵਾਲਾਤੇ ਲੋਕੀ ਓਹਨੂੰ ਬਾਬਾਆਖਦੇ
ਕੁੜੀਏ-ਕੁੜੀਏ ਨੀ ਦਮੜੇ ਵਟ ਲੈਨ ਦੇ ਚੁਪ ਕਰ ਜਾ

ਅਠੀਂ ਪੈਹਰੀ ਮਿਲੇ ਭਾਵੇਂ ਰੋਟੀ ਵੇ ਅਠੀਂ ਪੈਹਰੀਂ
ਅਠੀਂ ਪੈਹਰੀਂ ਮਿਲੇ ਭਾਵੇਂ ਰੋਟੀ ਤੇ ਨਾ ਦੇ ਬੁਡੜੇ ਨੂੰ-ਬਾਪੂ
ਬਾਪੂ ਵੇ ਕਾਹਨੂੰ ਮੇਰੇ ਹਡ ਵੇਚਨਾਏਂ ਗਲ ਘੁਟ ਦੇ

ਬੁਡੇ ਸੌਣ ਦੇ ਮਹੀਨੇ ਮਰਨਾ ਨੀ ਬੁਡੇ ਸੌਣ ਦੇ
ਬੁਡੇ ਸੌਣ ਦੇ ਮਹੀਨੇ ਮਰਨਾ ਤੇ ਘਰ ਸਾਰਾ ਕਿਚ ਲਾਂਗੇ-ਕੁੜੀਏ
ਕੁੜੀਏ ਨੀ ਦਮੜੇ ਵਟ ਲੈਨ ਦੇ ਚੁਪ ਕਰ ਜਾ

ਪੁਤ ਮਰ ਜਾਏ ਬਾਬਲਾ ਤੇਰਾ ਵੇ ਪੁਤ ਮਰ ਜਾਏ
ਪੁਤ ਮਰ ਜਾਏ ਬਾਬਲਾ ਤੇਰਾ ਤੇ ਜਿਦ੍ਹੇ ਲਈ ਮੈਨੂੰ ਵੇਚਨਾਏਂ
ਬਾਪੂ-ਬਾਪੂ ਵੇ ਕਾਹਨੂੰ ਮੇਰੇ ਹਡ ਵੇਚਨਾਏਂ ਗਲ ਘੁਟ ਦੇ

ਸੂਟ ਦਸ ਨੀ ਵਰ੍ਹੇ ਵਿਚ ਪਾੜੇ ਨੀ ਦਸ ਸੂਟ ਨੀ
ਸੂਟ ਦਸ ਨੀ ਵਰੇ ਵਿਚ ਪਾੜੇ ਤੇ ਪੰਜਾਂ ਦਾ ਤੂੰ ਨਾਲਾ ਤੋੜਿਆ
ਕੁੜੀਏ-ਕੁੜੀਏ ਨੀ ਦਮੜੇ ਵਟ ਲੈਨ ਦੇ ਚੁਪ ਕਰ ਜਾ

Digitized by Panjab Digital Library | www.panjabdigilib.org

ਕਾਹਨੂੰ ਹਿਰਖ ਸੂਟਾਂ ਦਾ ਕਰਨਾ—ਵੇ ਕਾਹਨੂੰ ਹਿਰਖ
ਕਾਹਨੂੰ ਹਿਰਖ ਸੂਟਾਂ ਦਾ ਕਰਨਾ ਜੰਮਦੀ ਦਾ ਗਲ ਘੁਟਦੋਂ ਬਾਪੂ
ਬਾਪੂ ਕਾਹਨੂੰ ਮੇਰੇ ਹੱਡ ਵੇਚਨਾਏਂ—ਗਲ ਘੁਟ ਦੇ

ਛੱਲੇ ਛਾਪਾਂ ਪਹਿਨ ਲੈ ਚੂੜਾ—ਨੀ ਛੱਲੇ ਛਾਪਾਂ
ਛੱਲੇ ਛਾਪਾਂ ਪਹਿਨ ਲੈ ਚੂੜਾ ਮੌਜ ਲੈ ਲੈ ਬੁਡੜੇ ਦੀ ਕੁੜੀਏ
ਕੁੜੀਏ ਨੀ ਦਮੜੇ ਵਟ ਲੈਣ ਦੇ—ਚੁਪ ਕਰ ਜਾ

ਛੱਲੇ ਛਾਪਾਂ ਪਵਾ ਲੈ ਨੂੰਹ ਨੂੰ—ਵੇ ਛੱਲੇ ਛਾਪਾਂ
ਛੱਲੇ ਛਾਪਾਂ ਪਵਾ ਲੈ ਨੂੰਹ ਨੂੰ ਮੌਜ ਦਸ ਪੋਤਰੀ ਨੂੰ ਬਾਪੂ
ਬਾਪੂ ਕਾਹਨੂੰ ਮੇਰੇ ਹੱਡ ਵੇਚਨਾਏਂ—ਗਲ ਘੁਟ ਦੇ

ਵੀਹ ਸਾਲ ਦੀ ਵਛੇਰੀ ਵਾਂਗੂੰ ਪਾਲੀ—ਨੀ ਵੀਹ ਸਾਲ ਦੀ
ਵੀਹ ਸਾਲ ਦੀ ਵਛੇਰੀ ਵਾਂਗੂੰ ਪਾਲੀ ਘਰ ਦੀ ਨਿਲਾਮੀ ਬੋਲ
ਗਈ ਕੁੜੀਏ—ਕੁੜੀਏ ਦਮੜੇ ਵਟ ਲੈਣ ਦੇ—ਚੁਪ ਕਰ ਜਾ

ਸਿਰ ਚੜ ਕੇ ਮਰਾਂ ਅਜ ਤੇਰੇ—ਵੇ ਸਿਰ ਚੜ ਕੇ
ਸਿਰ ਚੜ ਕੇ ਮਰਾਂ ਅਜ ਤੇਰੇ ਕੈਦ ਕਰਾ ਦੂੰਗੀ ਬਾਪੂ
ਬਾਪੂ ਕਾਹਨੂੰ ਮੇਰੇ ਹੱਡ ਵੇਚਨਾਏਂ—ਗਲ ਘੁਟ ਦੇ

ਅਸਾਂ ਸਾਕ ਨਾ ਮੁਫਤ ਨੂੰ ਦੇਣਾ—ਅਸਾਂ ਸਾਕ ਨਾ
ਅਸਾਂ ਸਾਕ ਨਾ ਮੁਫਤ ਨੂੰ ਦੇਣਾ ਤੋਰੀਏ ਨੂੰ ਤੇਲਾ ਖਾ ਗਿਆ
ਕੜੀਏ—ਕੁੜੀਏ ਦਮੜੇ ਵਟ ਲੈਣ ਦੇ ਚੁਪ ਕਰ ਜਾ

Digitized by Panjab Digital Library | www.panjabdigilib.org

ਦਸ ਕੇਹੜੇ ਵੇਦ ਵਿਚ ਲਿਖਿਆ ਵੇ—ਦਸ ਕੇਹੜੇ ਦਸ ਕੇਹੜੇ ਵੇਦ ਵਿਚ ਲਿਖਿਆ ਕੁੜੀਆਂ ਦੇ ਮੁਲ ਵਟਨੇ—ਬਾਪੂ
ਬਾਪੂ ਕਾਹਨੂੰ ਮੇਰੇ ਹੱਡ ਵੇਚਨਾ ਏਂ—ਗਲ ਘੁਟ ਦੇ

ਬੁਢਾ ਮਰ ਜਾਏ ਜ਼ਮੀਨ ਸਾਰੀ ਸਾਂਭਾਂ—ਬੁਢਾ ਮਰ ਜਾਏ ਬੁਢਾ ਮਰ ਜਾਏ ਜ਼ਮੀਨ ਸਾਰੀ ਸਾਂਭਾਂ ਮੌਜ ਮੇਰੇ ਪੁਤ ਲੈਣਗੇ ਕੁੜੀਏ
ਕੁੜੀਏ ਦਮੜੇ ਵਟ ਲੈਣ ਦੇ—ਚੁਪ ਕਰ ਜਾ

ਤੇਰੇ ਜਿਹੇ ਦੋਜ਼ਖ਼ਾਂ ਨੂੰ ਜਾਨੇ ਵੇ—ਤੇਰੇ ਜਿਹੇ ਤੇਰੇ ਜਿਹੇ ਦੋਜ਼ਖ਼ਾਂ ਨੂੰ ਜਾਨੇ ਪੁਛ ਜਾਕੇ ਸਫਰੀ ਨੂੰ ਬਾਪੂ
ਬਾਪੂ ਕਾਹਨੂੰ ਮੇਰੇ ਹੱਡ ਵੇਚਨਾਏਂ—ਗਲ ਘੁਟ ਦੇ

* ਇਤੀ *

ਹਰ ਕਿਸਮ ਦੀਆਂ ਪੁਸਤਕਾਂ ਮਿਲਨ ਦਾ ਪਤਾ:—

# ਮੁਨਸ਼ੀ ਅਜ਼ੀਜ ਦੀਨ ਨਜਮ ਦੀਨ,

ਪੁਸਤਕਾਂ ਛਾਪਨ ਤੇ ਵੇਚਨ ਵਾਲੇ ਕਸ਼ਮੀਰੀ ਬਾਜ਼ਾਰ

ਲਾਹੌਰ ॥

Digitized by Panjab Digital Library | www.panjabdigilib.org

# ਇੰਗਲਿਸ਼ ਟੀਚਰ

। ਅੰਗ੍ਰੇਜ਼ੀ—ਗੁਰਮੁਖੀ ।

ਇਸ ਕਿਤਾਬ ਦੇ ਪੜ੍ਹਨ ਨਾਲ ਹਰ ਇਕ ਆਦਮੀ ਬਗ਼ੈਰ ਕਿਸੀ ਉਸਤਾਦ ਦੀ ਮਦਦ ਤੋਂ ਘਰ ਬੈਠੇ ਦਸਵੀਂ ਜ਼ਮਾਤ ਤਕ ਅੰਗ੍ਰੇਜ਼ੀ ਦੀ ਪੜ੍ਹਾਈ ਅਥਵਾ ਬੜੇ ਬੜੇ ਪ੍ਰੋਫੈਸਰਾਂ ਦੇ ਨਾਲ ਅੰਗ੍ਰੇਜ਼ੀ ਵਿੱਚ ਗਲ ਬਾਤ ਕਰਨ ਲਗ ਜਾਂਦਾ ਹੈ। ਕੀਮਤ, ਸਿਰਫ, |||) ਬਾਰਾਂ ਆਨੇ ਹੈ ॥

# ਖੁਸ਼ ਇਲਹਾਨ ਗੋਲੀਆਂ

ਜੇਕਰ ਆਪ ਅਪਨੀ ਅਵਾਜ਼ ਨੂੰ ਸੁਰੀਲੀ ਬਨਾਉਨੀ ਚਾਹੁੰਦੇ ਹੋ ਤਾਂ 'ਖੁਸ਼ ਇਲਹਾਨ' ਗੋਲੀਆਂ ਵਰਤੋ ਆਵਾਜ਼ ਕਦੀ ਖ਼ਰਾਬ ਨਾ ਹੋਵੇਗੀ, ਬਲਕੇ ਬੜੀ ਸੁਰੀਲੀ ਅਤੇ ਸਾਫ਼ ਹੋ ਜਾਵੇਗੀ, ਜੋ ਸੱਜਨ ਉਚੀ ਅਵਾਜ਼ ਕੋਲੋਂ ਕੰਮ ਲੈਂਦੇ ਹਨ ਉਨ੍ਹਾਂ ਵਾਸਤੇ ਬੜੀ ਮੁਫ਼ੀਦ ਤੇ ਗੁਣਕਾਰੀ ਹੈ ਆਪ ਜਲਦੀ ਮੰਗਵਾਓ ਤੇ ਇਸ ਤੋਂ ਫੇਦਾ ਉਠਾਓ। ਕੀਮਤ ਸਿਰਫ ਇਕ ਪੈਕਟ ਦੀ ||) ਅਠ ਆਨੇ

---

ਹਰ ਕਿਸਮ ਦੀਆਂ ਪੁਸਤਕਾਂ ਮਿਲਨ ਦਾ ਪਤਾਃ—

## ਮੁਨਸ਼ੀ ਅਜ਼ੀਜ਼ਦੀਨ ਨਜਮਦੀਨ

ਪੁਸਤਕਾਂ ਛਾਪਨ ਤੇ ਵੇਚਨ ਵਾਲੇ,

ਕਸ਼ਮੀਰੀ ਬਾਜ਼ਾਰ ਲਾਹੌਰ ॥

بارعایت کتابیں منگوانیکا پتہ منشی عزیزالدین نجم الدین تاجران کتب لاہور

Digitized by Panjab Digital Library | www.panjabdigilib.org